# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

## ਪ੍ਰੈਸ ਨੋਟ

ਚੰਡੀਗੜ੍ਹ, 21 ਜੁਲਾਈ :- ਆਉਣ ਵਾਲੀਆਂ ਕਾਮਨਵੈੱਲਥ ਗੇਮਾਂ ਦੇ ਦੌਰਾਨ ਨਿਯੁਕਤ ਕੀਤੇ ਜਾਣ ਵਾਲੇ ਯੂਟੀ ਪੁਲਿਸ ਕਰਮਚਾਰੀਆਂ ਦੇ ਲਈ ਸੈਕਟਰ 42 ਡੀ ਸਥਿਤ ਡਾ. ਅੰਬੇਦਕਰ ਇੰਸਟੀਚਿਊਟ ਆਫ ਹੋਟਲ ਮੈਨੇਜ਼ਮੈਂਟ, ਕੈਟਰਿੰਗ ਅਤੇ ਨਿਊਟੀਸ਼ਨ ਨੇ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ ਹੈ। ਟ੍ਰੇਨਿੰਗ ਦੇ ਦੌਰਾਨ ਗ੍ਰੂਮਿੰਗ, ਵਿਵਹਾਰ, ਬੋਲਣ ਦੀ ਯੋਗਤਾ, ਰੀਤੀ ਅਤੇ ਢੰਗ, ਲੋਕਾਂ ਨਾਲ ਨਿਮਰਤਾ ਨਾਲ ਗੱਲਬਾਤ ਕਰਨਾ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਟੂਰਿਸਟਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਅਤੇ ਵਧੀਆ ਸੁਵਿਧਾਵਾਂ ਅਤੇ ਸਥਾਨਾਂ ਦੇ ਬਾਰੇ ਵਿਚ ਜਾਣਕਾਰੀ ਪ੍ਰਦਾਨ ਕਰਨਾ ਸੰਬੰਧਿਤ ਵਿਸ਼ੇ ਕਵਰ ਕੀਤੇ ਜਾਣਗੇ।

ਪੁਲਿਸ ਕਰਮਚਾਰੀਆਂ ਦੇ ਭਿੰਨ ਭਿੰਨ ਬੈਚਾਂ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਟ੍ਰੇਨਿੰਗ ਦਿੱਤੀ ਜਾਵੇਗੀ। ਹਰੇਕ ਬੈਚ ਵਿਚ 30 ਕਰਮਚਾਰੀਆਂ ਨੂੰ ਰੱਖਿਆ ਜਾਵੇਗਾ ਅਤੇ ਹਰੇਕ ਬੈਚ ਦੀ ਅਵਧੀ ਇੱਕ ਮਹੀਨਾ ਹੋਵੇਗੀ। ਐਸਐਸਪੀ/ਹੈੱਡਕਵਾਟਰ ਸ਼੍ਰੀ ਅਲੋਕ ਕੁਮਾਰ ਨੇ ਉਦਘਾਟਨ ਸਮਾਰੋਹ ਨੂੰ ਸੰਬੋਧਿਤ ਕੀਤਾ।